No. of Printed Pages : 4

**FPB-01**

**BDP / BCA / BTS**

**Term-End Examination**

02345

**December, 2017**

## FPB-01 : FOUNDATION COURSE IN PUNJABI

*Time : 2 hours* *Maximum Marks : 50*

*ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।*

**1.** ਪੰਜਾਬੀ ਵਿਚ ਸ਼ਬਦ-ਰਚਨਾ ਦੇ ਮੁੱਖ ਸਾਧਨ ਕਿਹੜੇ ਕਿਹੜੇ ਹਨ ? *5*

**ਜਾਂ**

ਪੰਜਾਬੀ ਵਾਕ ਦੀ ਤਰਤੀਬ ਬਾਰੇ ਸੰਖੇਪ ਜਾਣਕਾਰੀ ਕਰਾਓ ।

**2.** ਨਵੀਂ ਗੁਰਮੁਖੀ ਪੁਰਾਣੀ ਗੁਰਮੁਖੀ ਤੋਂ ਕਿਨ੍ਹਾਂ ਗਲਾਂ ਵਿਚ ਭਿੰਨ ਹੈ ? *5*

**ਜਾਂ**

ਪੰਜਾਬੀ ਵਿਅੰਜਨਾਂ ਦੀ ਵੰਡ ਕਰੋ ।

**3.** ਲੋਕ ਗੀਤ ਦੇ ਮੁੱਖ ਤੱਤ ਕਿਹੜੇ ਕਿਹੜੇ ਹਨ ? *5*

**ਜਾਂ**

ਸਮਾਜ ਕੀ ਹੁੰਦਾ ਹੈ ? ਇਸਦੀਆਂ ਮੁੱਖ ਕਿਸਮਾਂ ਦਸੋ ।

4. ਚਾਰ ਪੁਰਸ਼ਾਰਥਾਂ, ਚਾਰ ਆਸ਼ਰਮਾਂ ਤੇ ਚਾਰ ਵਰਨਾਂ ਦੇ ਨਾਂ ਲਿਖੋ । 5

ਜਾਂ

ਸਿੱਖ ਮਜ਼ਹਬ ਬਾਰੇ ਜਾਣਕਾਰੀ ਦਿਓ ।

5. ਵਾਰਿਸ ਦੇ ਕਿੱਸਾ ਹੀਰ ਦੀ ਪ੍ਰਸਿੱਧੀ ਦੇ ਕੀ ਕਾਰਨ ਹਨ ? 5

ਜਾਂ

'ਆਓ ਨਚੀਏ' ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਨੇ ਕੀ ਵਿਚਾਰ ਪੇਸ਼ ਕੀਤੇ ਹਨ ?

6. ਪੰਜਾਬੀ ਨਿੱਕੀ ਕਹਾਣੀ ਦੀ ਸੰਖੇਪ ਜਾਣ-ਪਛਾਣ ਕਰਾਓ । 5

ਜਾਂ

ਰੇਸ਼ਮਾ ਦਾ ਸੰਖੇਪ ਰੇਖਾ ਚਿੱਤਰ ਲਿਖੋ ।

7. ਸੂਰਜੀ ਸ਼ਕਤੀ ਦੀ ਵਰਤੋਂ ਦੇ ਜ਼ਰੂਰੀ ਪੱਖ ਦਸੋ । 5

ਜਾਂ

ਸੰਤੁਲਿਤ ਭੋਜਨ ਬਾਰੇ ਸੰਖੇਪ ਜਾਣਕਾਰੀ ਦਿਓ ।

8. ਹੇਠ ਲਿਖੇ ਪ੍ਰਸ਼ਨਾਂ ਦੇ ਛੋਟੇ ਉੱਤਰ ਇਕ ਜਾਂ ਦੋ ਵਾਕਾਂ ਵਿਚ ਦਿਓ : $10 \times 1 = 10$

(i) ਲੋਕ ਗਾਥਾ ਕੀ ਹੈ ?

(ii) 'ਕਾਮਾ ਗਾਟਾ ਮਾਰੂ' ਕੀ ਸੀ ?

(iii) ਜਾਤ ਦੀ ਪਰਿਭਾਸ਼ਾ ਲਿਖੋ ।

(iv) 'ਮੁਹਾਵਰਾ' ਕੀ ਹੁੰਦਾ ਹੈ ?

(v) ਲਿਪੀ ਕਿਸ ਨੂੰ ਆਖਦੇ ਹਨ ?

(vi) 'ਵਾਕਾਂਸ਼' ਦੀ ਪਰਿਭਾਸ਼ਾ ਲਿਖੋ ।

(vii) ਗ੍ਰਹਿਣ ਸ਼ਕਤੀ ਤੋਂ ਕੀ ਭਾਵ ਹੈ ?

(viii) ਪ੍ਰੈਸ ਨੋਟ ਕਿਸ ਨੂੰ ਆਖਦੇ ਹਨ ?

(ix) ਅਮ੍ਰਿਤਾ ਪ੍ਰੀਤਮ ਕੌਣ ਸੀ ?

(x) ਮੂਲ ਕਰਤੱਵ ਕਿਸ ਨੂੰ ਆਖਦੇ ਹਨ ?

**9.** ਹੇਠਾਂ ਦਿਤੇ ਪੈਰੇ ਦੀ ਪ੍ਰੈਸੀ ਬਣਾਓ ਅਤੇ ਢੁਕਵਾਂ ਸਿਰਲੇਖ ਦਿਓ : *5*

ਇੱਕ ਲੇਖਕ ਨੇ ਇਕ ਕਮਰੇ ਦਾ ਵਾਤਾਵਰਨ ਇਸ ਤਰ੍ਹਾਂ ਬਿਆਨ ਕੀਤਾ ਹੈ : ਜਿਹੜੇ ਕਮਰੇ ਵਿਚ ਮੈਂ ਆਪਣੇ ਆਪ ਨੂੰ ਵੇਖਿਆ ਉਹ ਕਾਫ਼ੀ ਵੱਡਾ ਤੇ ਉੱਚਾ ਸੀ । ਉਸ ਦੀਆਂ ਖਿੜਕੀਆਂ ਲੰਮੀਆਂ, ਤੰਗ ਤੇ ਨੋਕੀਲੀਆਂ ਸਨ ਅਤੇ ਲੱਕੜ ਦੇ ਕਾਲੇ ਫਰਸ਼ ਤੋਂ ਏਨੀਆਂ ਦੂਰ ਸਨ ਕਿ ਅੰਦਰੋਂ ਤਾਂ ਅਸਲੋਂ ਅਪਹੁੰਚ ਹੀ ਲਗਦੀਆਂ ਸਨ । ਜਾਲੀਦਾਰ ਸ਼ੀਸ਼ਿਆਂ ਵਿਚੋਂ ਲਾਲ ਜਿਹੀ ਰੋਸ਼ਨੀ ਦੀਆਂ ਪਤਲੀਆਂ ਪਤਲੀਆਂ ਰਿਸ਼ਮਾਂ ਛਣ ਛਣ ਕੇ ਆ ਰਹੀਆਂ ਸਨ ਅਤੇ ਆਸਪਾਸ ਦੇ ਨਿੱਕੜ-ਸੁੱਕੜ ਨੂੰ ਉਜਾਗਰ ਕਰਨ ਵਿਚ ਕਾਫ਼ੀ ਸਹਾਈ ਹੋ ਰਹੀਆਂ ਸਨ ਪਰ ਅੱਖਾਂ ਕਮਰੇ ਦੇ ਪਰਲੇ ਖੂੰਜਿਆਂ ਅਤੇ ਡਾਟਦਾਰ ਚਿਤਰੀ ਹੋਈ ਛੱਤ ਦੀਆਂ

ਨੁਕਰਾਂ ਵੇਖਣ ਦਾ ਅਕਾਰਥ ਜਤਨ ਕਰ ਦੀਆਂ ਸਨ । ਕੰਧਾਂ ਉੱਤੇ ਕਾਲੇ ਸ਼ਾਹ ਪਰਦੇ ਲਮਕਦੇ ਪਏ ਸਨ । ਫ਼ਰਨੀਚਰ ਕਾਫ਼ੀ ਗਿਣਤੀ ਵਿਚ ਪਰ ਟੁੱਟਾ ਫੁੱਟਾ ਤੇ ਪੁਰਾਣੀ ਤਰ੍ਹਾਂ ਦਾ ਸੀ ਅਤੇ ਅਰਾਮਦਾਇਕ ਨਹੀਂ ਸੀ । ਕਈ ਪੁਸਤਕਾਂ ਤੇ ਗਾਉਣ-ਵਜਾਉਣ ਵਾਲੇ ਸਾਜ਼ ਖਿਲਰੇ ਪਏ ਸਨ ਪਰ ਉਨ੍ਹਾਂ ਕਰਕੇ ਇਸ ਦ੍ਰਿਸ਼ ਵਿਚ ਕੋਈ ਜਾਨ ਨਹੀਂ ਸੀ ਪੈ ਰਹੀ । ਮੈਂ ਇਉਂ ਮਹਿਸੂਸ ਕੀਤਾ ਕਿ ਇੱਕ ਗ਼ਮ-ਭਰੇ ਦੁਆਲੇ ਵਿਚ ਸਾਹ ਲੈ ਰਿਹਾ ਹਾਂ । ਹਰ ਸ਼ੈ ਉਤੇ ਇੱਕ ਭਿਆਨਕ ਜਿਹੀ ਡੂੰਘੀ ਅਤੇ ਅਟੁੱਟ ਉਦਾਸੀਨਤਾ ਵਿਆਪੀ ਹੋਈ ਸੀ ।